# ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

**ਐਸ.ਸੀ ਓ ਨੰ:-** 104-106, **ਦੂਸਰੀ ਮੰਜ਼ਿਲ, ਸੈਕਟਰ** 34-**ਏ, ਚੰਡੀਗੜ ਫ਼ੋਨ ਨੰ:**172-2623206, 2623207, 2620106

**ਫੈਕਸ:**0172-2624687 **ਈ-ਮੇਲ:** ictpunjab1@gmail.com

## ਜਨਤਕ ਸੂਚਨਾ

ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਸਿੱਖਿਆ ਸੋਸਾਇਟੀ ਵਿੱਚ ਆਈ.ਸੀ.ਟੀ ਪ੍ਰੋਜੈਕਟ ਅਧੀਨ ਕੰਮ ਕਰਦੇ ਕੰਪਿਊਟਰ ਅਧਿਆਪਕਾਂ ਦੀ ਭਰਤੀ ਲਈ ਮਿਤੀ 28-03-2008 ਨੂੰ 1500 ਪੋਸਟਾਂ ਵਿਗਿਆਪਤ ਕੀਤੀਆਂ ਗਈਆਂ ਸਨ ਜਿਨ੍ਹਾਂ ਦਾ ਲਿਖਤੀ ਟੈਸਟ ਮਿਤੀ 08-06-2008 ਨੂੰ ਲਿਆ ਗਿਆ ਸੀ। ਇਸ ਲਿਖਤੀ ਟੈਸਟ ਵਿੱਚ ਜਿਨ੍ਹਾਂ ਉਮੀਦਵਾਰਾਂ ਦੇ ਬੈਂਚ ਮਾਰਕ (ਜਨਰਲ ਵਰਗ ਲਈ 35 ਅਤੇ ਰਾਖਵੇਂ ਵਰਗ ਲਈ 20) ਤੋਂ ਘੱਟ ਅੰਕ ਪ੍ਰਾਪਤ ਕੀਤੇ ਸਨ, ਦੇ ਨਿਯੁਕਤੀ ਪੱਤਰ ਅਤੇ ਇਕਰਾਰ ਦੀਆਂ ਸ਼ਰਤਾਂ ਅਨੁਸਾਰ ਲਿਖਤੀ ਟੈਸਟ ਇੱਕ ਸਾਲ ਦੇ ਅੰਦਰ-ਅੰਦਰ ਪਾਸ ਕਰਨਾ ਤੈਅ ਹੋਇਆ ਸੀ, ਜੋ ਕਿ ਮਿਤੀ 05-07-2009 ਨੂੰ ਲਿਆ ਜਾਣਾ ਸੀ, ਪਰ ਕਿਸੇ ਕਾਰਨ ਕਰਕੇ ਮੁਲਤਵੀ ਕਰ ਦਿੱਤਾ ਗਿਆ ਸੀ, ਹੁਣ ਜਨਵਰੀ 2010 ਵਿੱਚ ਲੈਣਾ ਤੈਅ ਹੋਇਆ ਹੈ।ਇਸਦੇ ਨਾਲ ਹੀ ਸਬਸਟੀਚਿਊਟ ਕੰਪਿਊਟਰ ਅਧਿਆਪਕ ਜਿਨ੍ਹਾਂ ਨੂੰ ਕੈਬਿਨੇਟ ਦੇ ਮੈਮੋਰੰਡਮ ਦੀਆਂ ਸ਼ਰਤਾਂ ਅਨੁਸਾਰ ਡੇਢ ਸਾਲ ਦੇ ਸਮੇਂ ਵਿੱਚ ਲਿਖਤੀ ਟੈਸਟ ਪਾਸ ਕਰਨ ਦੇ ਤਿੰਨ ਮੌਕੇ ਦਿੱਤੇ ਜਾਣੇ ਸਨ, ਜੋ ਕਿ ਮਿਤੀ 08-06-2008, 21-12-2008 ਅਤੇ 21-06-2009 ਨੂੰ ਦਿੱਤੇ ਜਾ ਚੁੱਕੇ ਹਨ ਅਤੇ ਇਨ੍ਹਾਂ ਵਿੱਚੋਂ ਜੋ ਉਮੀਦਵਾਰ ਟੈਸਟ ਪਾਸ ਨਹੀਂ ਕਰ ਸਕੇ, ਦੇ ਕੇਸਾਂ ਨੂੰ ਮਾਨਯੋਗ ਮੁੱਖ ਮੰਤਰੀ ਜੀ, ਪੰਜਾਬ ਵੱਲੋਂ ਸੁਹਿਰਦਿਤਾ ਨਾਲ ਵਿਚਾਰਦੇ ਹੋਏ ਮਿਤੀ 28-10-2009 ਨੂੰ ਲਏ ਫੈਸਲੇ ਅਨੁਸਾਰ ਟੈਸਟ ਪਾਸ ਕਰਨ ਦਾ ਇੱਕ ਹੋਰ ਮੌਕਾ ਜਨਵਰੀ, 2010 ਵਿੱਚ ਦਿੱਤਾ ਜਾਣਾ ਹੈ। ਅਜਿਹੇ ਉਮੀਦਵਾਰਾਂ ਦਾ ਟੈਸਟ ਮਿਤੀ 17-01-2010 ਨੂੰ ਐਤਵਾਰ ਵਾਲੇ ਦਿਨ ਦੁਪਹਿਰ 12:00 ਵਜੇ ਤੋਂ 1:00 ਵਜੇ ਤੱਕ ਹੋਵੇਗਾ। ਵੱਖ-ਵੱਖ ਜਿਲਿਆ ਦੇ ਉਮੀਦਵਾਰ ਲਿਖਤੀ ਟੈਸਟ ਲਈ ਹੇਠ ਲਿਖੇ ਅਨੁਸਾਰ ਪ੍ਰੀਖਿਆ ਕੇਂਦਰਾਂ ਵਿੱਚ ਪ੍ਰੀਖਿਆ ਸ਼ੁਰੂ ਹੋਣ ਤੋਂ ਇੱਕ ਘੰਟਾ ਪਹਿਲਾਂ ਰਿਪੋਰਟ ਕਰਨਗੇ:-

| ਲੜੀ ਨੰ | ਪ੍ਰੀਖਿਆ ਕੇਂਦਰ ਦਾ ਨਾਮ | ਜਿਲਿਆ ਦਾ ਨਾਮ |
|---|---|---|
| 1 | ਸ਼੍ਰੀਮਤੀ ਪਾਰਵਤੀ ਜੈਨ ਸੀਨੀਅਰ ਸੈਕੰਡਰੀ ਸਕੂਲ, ਵਿਜੈ ਨਗਰ, ਜਲੰਧਰ | ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ |
| 2 | ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਨਹਿਰੂ ਗਾਰਡਨ, ਜਲੰਧਰ | ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਕਪੂਰਥਲਾ, ਤਰਨਤਾਰਨ |
| 3 | ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਬਠਿੰਡਾ | ਬਠਿੰਡਾ, ਫਿਰੋਜਪੁਰ, ਮੋਗਾ, ਮੁਕਤਸਰ, ਮਾਨਸਾ, ਸੰਗਰੂਰ, ਬਰਨਾਲਾ, ਫਰੀਦਕੋਟ |
| 4 | ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫੇਜ 3ਬੀ-1, ਐਸ.ਏ.ਐਸ ਨਗਰ | ਰੋਪੜ, ਐਸ.ਏ.ਐਸ ਨਗਰ, ਫਤਿਹਗੜ ਸਾਹਿਬ, ਪਟਿਆਲਾ, ਲੁਧਿਆਣਾ |

ਨੋਟ:-

1. ਉਮੀਦਵਾਰ ਆਪਣੇ ਫਾਰਮ ਜੋ ਕਿ ssapunjab.org ਵੈਬ ਸਾਈਟ ਤੇ ਉਪਲਬਧ ਹੈ, ਜਿਲਾ ਸਿੱਖਿਆ ਅਫਸਰ (ਸੈ.ਸਿੱ) ਨੂੰ ਮਿਤੀ 11-12-2009 ਤੱਕ ਆਪਣਾ ਫਾਰਮ ਜਮਾਂ ਕਰਵਾਉਣਗੇ। ਸਬਸਟੀਚਿਊਟ ਕੰਪਿਊਟਰ ਟੀਚਰ ਫਾਰਮ ਦੇ ਨਾਲ 150/- ਰੁਪਏ ਦੀ ਰਾਸ਼ੀ ਦਾ ਬੈਂਕ ਡਰਾਫਟ ਚੰਡੀਗੜ ਵਿਖੇ ਭੁਗਤਾਨ ਯੋਗ ਨਾਲ ਜਮਾਂ ਕਰਵਾਉਣਗੇ। ਬੈਂਕ ਡਰਾਫਟ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਦੇ ਨਾਮ ਦਾ ਹੋਣਾ ਚਾਹੀਦਾ ਹੈ। ਜਦੋਂ ਕਿ ਕੰਪਿਊਟਰ ਅਧਿਆਪਕ 150/- ਦੀ ਰਾਸ਼ੀ ਦਾ ਡਰਾਫਟ ਪਹਿਲਾਂ ਹੀ ਭੇਜ ਚੁੱਕੇ ਹਨ ਅਤੇ ਅਜਿਹੇ ਕੰਪਿਊਟਰ ਅਧਿਅਪਕਾਂ ਦੀ ਲਿਸਟ ssapunjab.org ਵੈਬ ਸਾਈਟ ਤੇ ਉਪਲਬਧ ਹੈ ਇਸ ਲਈ ਉਹ ਕੇਵਲ ਆਪਣਾ ਫਾਰਮ ਹੀ ਜਮਾਂ ਕਰਵਾਉਣਗੇ। ਜੇਕਰ ਕਿਸੇ ਕੰਪਿਊਟਰ ਅਧਿਆਪਕ ਨੇ ਕਿਸੇ ਕਾਰਨ ਆਪਣਾ ਫਾਰਮ ਪਹਿਲਾਂ ਜਮਾਂ ਨਹੀਂ ਕਰਵਾਇਆ ਤਾਂ ਉਹ 150/- ਰੁਪਏ ਦੀ ਰਾਸ਼ੀ ਦੇ ਡਰਾਫਟ ਸਮੇਤ ਹੁਣ ਸਬੰਧਤ ਜਿਲਾ ਸਿੱਖਿਆ ਅਫਸਰ (ਸੈ.ਸਿੱ) ਕੋਲ ਜਮਾਂ ਕਰਵਾ ਸਕਦਾ ਹੈ, ਅਣਗਹਿਲੀ ਦੀ ਸੂਰਤ ਵਿੱਚ ਜਿੰਮੇਵਾਰੀ ਉਮੀਦਵਾਰ ਦੀ ਖੁਦ ਦੀ ਹੋਵੇਗੀ।
2. ਉਮੀਦਵਾਰ ਦਾ ਰੋਲ ਨੰਬਰ ਉਹੀ ਹੋਵੇਗਾ ਜੋ ਉਸ ਨੂੰ ਮਿਤੀ 08-06-2008 ਵਾਲੇ ਟੈਸਟ ਦੌਰਾਨ ਅਲਾਟ ਕੀਤਾ ਗਿਆ ਸੀ ਅਤੇ ਵੱਖਰੇ ਤੌਰ ਤੇ ਕੋਈ ਰੋਲ ਨੰਬਰ ਜਾਰੀ ਨਹੀਂ ਕੀਤਾ ਜਾਵੇਗਾ। ਉਮੀਦਵਾਰ ਪ੍ਰੀਖਿਆ ਵਾਲੇ ਦਿਨ ਆਪਣੀ ਸ਼ਨਾਖਤ ਸਬੰਧੀ ਸਬੂਤ ਲੈ ਕੇ ਪ੍ਰੀਖਿਆ ਕੇਂਦਰ ਵਿੱਚ ਪ੍ਰੀਖਿਆ ਸ਼ੁਰੂ ਹੋਣ ਤੋਂ ਇੱਕ ਘੰਟਾ ਪਹਿਲਾਂ ਅਵੇਗਾ।
3. ਟੈਸਟ ਲਈ ਸਿਲੇਬਸ ਅਤੇ ਹੋਰ ਜਾਣਕਾਰੀ ssapunjab.org ਵੈਬ ਸਾਈਟ ਤੇ ਉਪਲਬਧ ਹੈ।
4. ਟੈਸਟ ਨਾਲ ਸਬੰਧਤ ਜਾਣਕਾਰੀ ਸਮੇਂ ਸਮੇਂ ਸਿਰ ssapunjab.org ਵੈਬ ਸਾਈਟ ਤੇ ਅਪਲੋਡ ਕੀਤੀ ਜਾਵੇਗੀ, ਇਸ ਲਈ ਸਬੰਧਤ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਮੇਂ-ਸਮੇਂ ਤੇ ਵੈਬ ਸਾਇਟ ਚੈਕ ਕਰਦੇ ਰਹਿਣ।ਵੱਖਰੇ ਤੌਰ ਤੇ ਕੋਈ ਸੂਚਨਾ ਨਹੀਂ ਭੇਜੀ ਜਾਵੇਗੀ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**

**ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ**

**ਪੰਜਾਬ, ਚੰਡੀਗੜ੍ਹ ।**